# ਮੈਟ੍ਰਿਕੁਲੇਸ਼ਨ ਪੱਧਰ 'ਤੇ ਸਮੈਸਟਰ ਪ੍ਰਣਾਲੀ ਸੰਬੰਧੀ ਫ਼ੈਸਲੇ

ਪੰਜਾਬ ਸਰਕਾਰ ਦੀਆਂ ਹਦਾਇਤਾਂ ਦੀ ਲੋਅ ਵਿੱਚ ਦਾਖ਼ਲਾ ਸਾਲ 2009 ਤੋਂ ਨੌਂਵੀਂ ਅਤੇ ਗਿਆਰ੍ਹਵੀਂ ਸ਼੍ਰੇਣੀ ਵਿੱਚ ਸਮੈਸਟਰ ਪ੍ਰਣਾਲੀ ਲਾਗੂ ਕੀਤੀ ਗਈ ਹੈ। ਇਸ ਪ੍ਰਕ੍ਰਿਆ ਨੂੰ ਨਿਰੰਤਰ ਰੱਖਦੇ ਹੋਏ, ਰਾਜ ਦੇ ਸਮੂਹ ਸਕੂਲਾਂ ਵਿੱਚ ਅਕਾਦਮਿਕ ਸਾਲ 2010-11 ਤੋਂ ਮੈਟ੍ਰਿਕ ਅਤੇ ਬਾਰ੍ਹਵੀਂ ਸ਼੍ਰੇਣੀ ਵਿੱਚ ਸਮੈਸਟਰ ਪ੍ਰਣਾਲੀ ਨੂੰ ਲਾਗੂ ਕੀਤਾ ਗਿਆ ਹੈ। ਇਸ ਸੰਬੰਧੀ ਅਹਿਮ ਫ਼ੈਸਲੇ ਹੇਠ ਲਿਖੇ ਅਨੁਸਾਰ ਹਨ।

- ਰੈਗੂਲਰ ਅਤੇ ਓਪਨ ਸਕੂਲ ਪ੍ਰਣਾਲੀ ਰਾਹੀਂ ਪਰੀਖਿਆ ਦੇਣ ਵਾਲੇ, ਸਾਰੇ ਹੀ ਪਰੀਖਿਆਰਥੀ ਸਮੈਸਟਰ ਪ੍ਰਣਾਲੀ ਅਧੀਨ ਹੀ ਇਮਤਿਹਾਨ ਦੇਣਗੇ ।
- ਪਹਿਲੇ ਸਮੈਸਟਰ ਦਾ ਸਮਾਂ 1 ਅਪਰੈਲ ਤੋਂ 30 ਸਤੰਬਰ ਤੱਕ ਅਤੇ ਦੂਜੇ ਸਮੈਸਟਰ ਦਾ ਸਮਾਂ 1 ਅਕਤੂਬਰ ਤੋਂ 31 ਮਾਰਚ ਤੱਕ ਹੋਵਗਾ। ਸਮੈਸਟਰ ਸਿਸਟਮ ਅਧੀਨ ਛੁੱਟੀਆਂ ਦੀ ਸਮਾਂ ਸਾਰਨੀ ਸਰਕਾਰ ਵਲੋਂ ਨਿਰਧਾਰਿਤ ਫ਼ੈਸਲੇ ਦੇ ਅਨੁਸਾਰ ਹੋਵੇਗੀ।
- ਪਹਿਲੇ ਅਤੇ ਦੂਸਰੇ ਸਮੈਸਟਰ ਦਾ ਸਿਲੇਬਸ, ਕੁੱਲ ਸਿਲੇਬਸ ਦਾ ਕ੍ਰਮਵਾਰ 40% ਅਤੇ 60% ਹੋਵੇਗਾ। ਪਹਿਲੇ ਸਮੈਸਟਰ ਦਾ ਪਹਿਲਾ ਸੰਖੇਪਾਤਮਿਕ (Objective) ਪ੍ਰਸ਼ਨ ਸਮੈਸਟਰ I ਦੇ ਸਿਲੇਬਸ ਅਤੇ ਦੂਸਰੇ ਸਮੈਸਟਰ ਦੇ ਪ੍ਰਸ਼ਨ ਪੱਤਰ ਦਾ ਪਹਿਲਾ ਪ੍ਰਸ਼ਨ ਦੂਜੇ ਸਮੈਸਟਰ ਦੇ ਸਿਲੇਬਸ 'ਤੇ ਹੀ ਅਧਾਰਿਤ ਹੋਵੇਗਾ। ਹਰ ਇੱਕ ਪਰੀਖਿਆਰਥੀ ਲਈ ਇਸ ਪ੍ਰਸ਼ਨ ਨੂੰ ਹੱਲ ਕਰਨਾ ਲਾਜ਼ਮੀ ਹੋਵੇਗਾ।
- ਪਹਿਲੇ ਸਮੈਸਟਰ ਦੀ ਪਰੀਖਿਆ ਦੇ 550 ਅੰਕ ਅਤੇ ਦੂਜੇ ਸਮੈਸਟਰ ਦੀ ਪਰੀਖਿਆ ਦੇ 750 ਅੰਕ ਹੋਣਗੇ ਅਤੇ ਕੁੱਲ 1300 ਅੰਕ ਹੋਣਗੇ। ਪਹਿਲੇ ਅਤੇ ਦੂਜੇ ਸਮੈਸਟਰ ਦੀ ਅੰਕ ਵੰਡ ਵੀ ਕ੍ਰਮਵਾਰ ਕੁੱਲ ਅੰਕਾਂ ਦੀ 40% ਅਤੇ 60% ਹੋਵੇਗੀ।
- ਪੰਜਾਬੀ ਅਤੇ ਪੰਜਾਬ ਦਾ ਇਤਿਹਾਸ ਅਤੇ ਸੱਭਿਆਚਾਰ (ਪੰਜਾਬੀ ਦੀ ਥਾਂ 'ਤੇ) ਵਿਸ਼ੇ ਵਿੱਚ ਦੋ ਪੇਪਰ ਏ ਅਤੇ ਬੀ ਹੋਣਗੇ। ਜਿਸ ਦੀ ਅੰਕ-ਵੰਡ ਹੇਠ ਲਿਖੇ ਅਨੁਸਾਰ ਹੋਵੇਗੀ।

| **ਸਮੈਸਟਰ** | **ਪੇਪਰ** | **ਲਿਖਤੀ** | **ਸੀ.ਸੀ.ਈ.** | **ਕੁੱਲ ਅੰਕ** |
|---|---|---|---|---|
| ਸਮੈਸਟਰ I | ਪੇਪਰ ਏ | 40 | 20 | 60 |
| | ਪੇਪਰ ਬੀ | 40 | 20 | 60 |
| ਸਮੈਸਟਰ II | ਪੇਪਰ ਏ | 60 | 30 | 90 |
| | ਪੇਪਰ ਬੀ | 60 | 30 | 90 |

- ਪਹਿਲੇ ਸਮੈਸਟਰ ਦੀ ਪਰੀਖਿਆ 2:30 ਘੰਟੇ ਦੀ ਹੋਵੇਗੀ ਅਤੇ ਦੂਜੇ ਸਮੈਸਟਰ ਦੀ ਪਰੀਖਿਆ ਤਿੰਨ ਘੰਟੇ ਦੀ ਹੋਵੇਗੀ। ਵਿਲੱਖਣ ਸਮਰੱਥਾ ਵਾਲ਼ੇ ਪਰੀਖਿਆਰਥੀ (Differently abled students) ਲਈ ਲਿਖਤੀ ਪਰੀਖਿਆ ਵਿੱਚ ਹਰੇਕ ਘੰਟੇ ਲਈ ਵਾਧੂ 20 ਮਿੰਟ ਦਿੱਤੇ ਜਾਣੇ ਹਨ। 3 ਘੰਟੇ ਦੀ ਪਰੀਖਿਆ ਲਈ ਵਾਧੂ ਇੱਕ ਘੰਟਾ ਹੋਵੇਗਾ।
- ਦਸਵੀਂ ਸ਼੍ਰੇਣੀ ਦੀ ਵਿਗਿਆਨ ਵਿਸ਼ੇ ਦੀ ਪ੍ਰਯੋਗੀ ਪਰੀਖਿਆ ਕੇਵਲ ਦੂਜੇ ਸਮੈਸਟਰ ਵਿੱਚ ਹੀ ਲਈ ਜਾਵੇਗੀ।
- ਸਾਲਾਨਾ ਪਰੀਖਿਆ ਪ੍ਰਣਾਲੀ ਦੀ ਤਰ੍ਹਾਂ ਹੀ ਸਮੈਸਟਰ ਪ੍ਰਣਾਲੀ ਵਿੱਚ ਵੀ ਰੀ-ਅਪੀਅਰ ਦਿੱਤੀ ਜਾਵੇਗੀ ਅਤੇ ਰੀ-ਅਪੀਅਰ ਵਾਲ਼ੇ ਵਿਸ਼ਿਆਂ ਦੀ ਪਰੀਖਿਆ ਹਰ ਇੱਕ ਸਮੈਸਟਰ ਦੀ ਪਰੀਖਿਆ ਦੇ ਨਾਲ਼ ਹੀ ਲਈ ਜਾਵੇਗੀ ਅਤੇ ਰੀ-ਅਪੀਅਰ ਵਾਲ਼ੇ ਵਿਸ਼ਿਆਂ ਨੂੰ ਪਾਸ ਕਰਨ ਲਈ ਅਗਲੇ ਆਉਣ ਵਾਲ਼ੇ ਸਮੈਸਟਰਾਂ ਵਿੱਚ ਦੋ ਮੌਕੇ ਦਿੱਤੇ ਜਾਣਗੇ।

## (ਅ) ਮੈਟ੍ਰਿਕ ਪੱਧਰ ’ਤੇ ਲਾਜ਼ਮੀ ਵਿਸ਼ੇ ਪੜ੍ਹਨ ਬਾਰੇ ਅਤੇ ਪਾਸ ਫਾਰਮੂਲੇ ਬਾਰੇ ਫ਼ੈਸਲੇ

- ਹਰੇਕ ਉਮੀਦਵਾਰ ਲਈ ਲੜੀ ਨੰ: 1 ਤੋਂ 8 ਤੱਕ ਜ਼ਰੂਰੀ ਵਿਸ਼ੇ ਹਨ ਅਤੇ ਲੜੀ ਨੰ: 9 (ਚੋਣਵੇਂ ਵਿਸ਼ਿਆਂ) ਵਿੱਚੋਂ ਕੋਈ ਇੱਕ ਵਿਸ਼ਾ ਲੈਣਾ ਜ਼ਰੂਰੀ ਹੈ)।

**ਪਹਿਲਾ ਗੁੱਰਪ**

**1.** ਪੰਜਾਬੀ ਜਾਂ ਪੰਜਾਬ ਦਾ ਇਤਿਹਾਸ ਅਤੇ ਸੱਭਿਆਚਾਰ (ਕੇਵਲ ਵਿਦੇਸ਼ੀ ਅਤੇ ਬਾਹਰਲੇ ਰਾਜਾਂ ਦੇ ਵਿਦਿਆਰਥੀਆਂ ਲਈ) **2.** ਹਿੰਦੀ/ ਉਰਦੂ **3.** ਅੰਗਰੇਜ਼ੀ **4.** ਗਣਿਤ **5.** ਵਿਗਿਆਨ **6.** ਸਮਾਜਿਕ ਵਿਗਿਆਨ

**ਦੂਜਾ ਗੁੱਰਪ**

**7.** ਸਿਹਤ ਤੇ ਸਰੀਰਕ ਸਿੱਖਿਆ **8.** ਕੰਪਿਊਟਰ ਸਾਇੰਸ **9.** ਚੋਣਵਾਂ ਵਿਸ਼ਾ (ਹੇਠ ਲਿਖੇ ਵਿਸ਼ਿਆ ਵਿੱਚੋਂ ਇੱਕ ਵਿਸ਼ਾ) ਚੋਣਵੇਂ ਵਿਸ਼ਿਆ ਦੀ ਸੂਚੀ

ੳ) ਸੰਸਕ੍ਰਿਤ,ਉਰਦੂ, ਫਾਰਸੀ, ਅਰਬੀ, ਕੋਰੀਅਨ, ਜਰਮਨ, ਰੂਸੀ, ਪਰਸ਼ੀਅਨ।

ਅ) ਸੰਗੀਤ (ਵਾਦਨ), ਸੰਗੀਤ (ਤਬਲਾ), ਸੰਗੀਤ (ਗਾਇਨ), ਮਕੈਨੀਕਲ ਡਰਾਇੰਗ ਅਤੇ ਚਿੱਤਰਕਲਾ, ਗ੍ਰਹਿ ਵਿਗਿਆਨ, ਕਟਾਈ ਅਤੇ ਸਿਲਾਈ, ਖੇਤੀ-ਬਾੜੀ।

ੲ) **ਪ੍ਰੀ ਵੋਕੇਸ਼ਨਲ ਵਿਸ਼ੇ**:-ਰਿਪੇਅਰ ਅਤੇ ਮੈਨਟੀਨੈਂਸ ਆਫ ਹਾਊਸਹੋਲਡ ਇਲੈਕਟ੍ਰੀਕਲ ਐਪਲੀਐਂਸਜ਼, ਇਲੈਕਟ੍ਰੋਨਿਕ ਟੈਕਨਾਲੋਜੀ, ਰਿਪੇਅਰ ਐਂਡ ਮੈਨਟੀਨੈਂਸ ਆਫ਼ ਫਾਰਮ ਪਾਵਰ ਐਂਡ ਮਸ਼ੀਨਰੀ, ਵੈਲਡਿੰਗ, ਰਿਪੇਅਰ ਐਂਡ ਮੈਨਟੀਨੈਂਸ ਆਫ਼ ਸਕੂਟਰ ਐਂਡ ਮੋਟਰਸਾਈਕਲ,ਬੇਸਿਕ ਗਾਰਮੈਂਟ ਟੈਕਨਾਲੋਜੀ, ਵੁੱਡ ਕਰਾਫ਼ਟ, ਬੇਸਿਕ ਆਫ਼ਸ ਵਰਕ ਐਂਡ ਸਟੈਨੋਗ੍ਰਾਫ਼ੀ, ਜਨਰਲ ਹਾਰਟੀਕਲਚਰ, ਨਿਟਿੰਗ (ਹੈਂਡ ਐਂਡ ਮਸ਼ੀਨ), ਇੰਜੀਨੀਅਰਿੰਗ ਡਰਾਫ਼ਟਿੰਗ ਐਂਡ ਡੁਪਲੀਕੇਟਿੰਗ, ਫੂਡ ਪਰੀਜ਼ਰਵੇਸ਼ਨ, ਕੰਪਿਊਟਰ ਸਾਇੰਸ,

ਵੀਵਿੰਗ ਟੈਕਨਾਲੋਜੀ, ਕਮਰਸ਼ੀਅਲ ਆਰਟ, ਮੈਨੂਫੈਕਚਰਿੰਗ ਆਫ਼ ਸਪਰੋਟਸ ਗੁਡਜ਼, ਮੈਨੂਫੈਕਚਰਿੰਗ ਆਫ਼ ਲੈਦਰ ਗੁਡਜ਼।

**ਨੋਟ:-** ਪੰਜਾਬ ਓਪਨ ਸਕੂਲ ਪ੍ਰਣਾਲੀ ਦੇ ਪਰੀਖਿਆਰਥੀਆਂ ਲਈ 7 ਤੋਂ 9 ਤੱਕ ਦੇ ਵਿਸ਼ਿਆਂ ਦੀ ਛੋਟ ਹੈ) ਵਿਲੱਖਣ ਸਮਰੱਥਾ ਰੱਖਣ ਵਾਲ਼ੇ ਪਰੀਖਿਆਰਥੀ (Differently abled students) ਪੰਜਾਬੀ ਤੋਂ ਇਲਾਵਾ ਉਪਰੋਕਤ ਪਹਿਲੇ ਅਤੇ ਦੂਜੇ ਗੁੱਰਪ 2 ਤੋਂ 9 ਅਤੇ (ੳ) (ਅ) (ੲ) ਵਿੱਚ ਦਿੱਤੇ ਵਿਸ਼ਿਆਂ ਵਿੱਚੋਂ ਕੋਈ ਵੀ ਹੋਰ ਵਿਸ਼ੇ ਲੈ ਸਕਦੇ ਹਨ। (ਪਾਠ-ਕ੍ਰਮ ਦੇਖ ਲਿਆ ਜਾਵੇ)

- ਸਿਹਤ ਤੇ ਸਰੀਰਕ ਸਿੱਖਿਆ, ਕੰਪਿਊਟਰ ਵਿਗਿਆਨ ਅਤੇ ਇੱਕ ਚੋਣਵੇਂ ਵਿਸ਼ੇ ਦੀ ਪ੍ਰਯੋਗੀ ਪਰੀਖਿਆ ਹਰ ਇੱਕ ਸਮੈਸਟਰ ਵਿੱਚ ਕੇਵਲ ਸਕੂਲ ਪੱਧਰ 'ਤੇ ਹੀ ਲਈ ਜਾਵੇਗੀ। ਸੀ.ਸੀ.ਈ. ਦੇ ਅੰਕ ਕੇਵਲ ਲਿਖਤੀ ਪਰੀਖਿਆ ਵਿੱਚੋਂ ਹੀ ਦਿੱਤੇ ਜਾਣਗੇ।

- ਦੂਸਰੇ ਗੁੱਰਪ ਦੇ ਤਿੰਨ ਵਿਸ਼ੇ ਹਰ ਇੱਕ ਵਿਦਿਆਰਥੀ ਲਈ ਪੜ੍ਹਨੇ ਜਰੂਰੀ ਹੋਣਗੇ। ਇਹਨਾਂ ਵਿਸ਼ਿਆਂ ਦੀ ਪਰੀਖਿਆ ਸਕੂਲ ਪੱਧਰ 'ਤੇ ਹੀ ਲਈ ਜਾਵੇਗੀ। ਓਪਨ ਸਕੂਲ ਪ੍ਰਣਾਲੀ ਦੇ ਪਰੀਖਿਆਰਥੀਆਂ ਨੂੰ ਅਕਾਦਮਿਕ ਸਾਲ 2011-12 ਤੋਂ ਇਹਨਾਂ ਤਿੰਨਾਂ ਵਿਸ਼ਿਆਂ ਦੀ ਛੋਟ ਦਿੱਤੀ ਗਈ ਹੈ। ਗਰੇਡਿੰਗ ਵਿਸ਼ਿਆਂ ਵਿੱਚ ਕੇਵਲ ਅਪੀਅਰ ਹੋਣਾ ਲਾਜ਼ਮੀ ਹੋਵੇਗਾ ਅਤੇ ਪਰੀਖਿਆਰਥੀ ਵੱਲੋਂ ਪ੍ਰਾਪਤ ਕੀਤਾ ਗਰੇਡ ਸਰਟੀਫਿਕੇਟ ਤੇ ਕੇਵਲ ਦਰਸਾਇਆ ਜਾਵੇਗਾ। ਇਹਨਾਂ ਵਿਸ਼ਿਆਂ ਵਿੱਚ ਗਰੇਡਿੰਗ ਹੇਠ ਲਿਖੇ ਮਾਪਦੰਡ ਅਨੁਸਾਰ ਕੀਤੀ ਜਾਵੇਗੀ।

| ਅੰਕ | ਦਰਜਾ ਵੇਰਵਾ |
|---|---|
| 1. 90% ਜਾਂ ਇਸ ਤੋਂ ਉੱਪਰ | 'ੳ' ਗਰੇਡ (ਅਤੀ ਉੱਤਮ) |
| 2. 75% ਅਤੇ ਇਸ ਤੋਂ ਉੱਪਰ ਪਰੰਤੂ 90% ਤੋਂ ਘੱਟ | 'ਏ' ਗਰੇਡ (ਉੱਤਮ) |
| 3. 60% ਅਤੇ ਇਸ ਤੋਂ ਉੱਪਰ ਪਰੰਤੂ 75% ਤੋਂ ਘੱਟ | 'ਬੀ' ਗਰੇਡ (ਬਹੁਤ ਅੱਛਾ) |
| 4. 45% ਅਤੇ ਇਸ ਤੋਂ ਉੱਪਰ ਪਰੰਤੂ 60% ਤੋਂ ਘੱਟ | 'ਸੀ' ਗਰੇਡ (ਅੱਛਾ) |
| 5. 33% ਅਤੇ ਇਸ ਤੋਂ ਉੱਪਰ ਪਰੰਤੂ 45% ਤੋਂ ਘੱਟ | 'ਡੀ' ਗਰੇਡ (ਔਸਤ) |
| 6. 33% ਤੋਂ ਹੇਠਾਂ | 'ਈ' ਗਰੇਡ (ਅਸੰਤੋਸ਼ਜਨਕ) |

- ਪਹਿਲੇ ਸਮੈਸਟਰ ਦੀ ਪਰੀਖਿਆ ਦੇ 550 ਅੰਕ ਅਤੇ ਦੂਜੇ ਸਮੈਸਟਰ ਦੀ ਪਰੀਖਿਆ ਦੇ 750 ਅੰਕ ਹੋਣਗੇ ਅਤੇ ਕੁੱਲ 1300 ਅੰਕ ਹੋਣਗੇ। ਗਰੇਡਿੰਗ ਵਿਸ਼ਿਆਂ ਤੋਂ ਇਲਾਵਾ ਹਰ ਇੱਕ ਵਿਸ਼ੇ ਵਿੱਚੋਂ ਘੱਟੋ-ਘੱਟ 33% ਅੰਕ ਪ੍ਰਾਪਤ ਕਰਨ ਵਾਲੇ ਪਰੀਖਿਆਰਥੀ ਨੂੰ ਉਸ ਵਿਸ਼ੇ ਵਿੱਚ ਪਾਸ ਘੋਸ਼ਿਤ ਕੀਤਾ ਜਾਵੇਗਾ। ਹਰ ਇੱਕ ਵਿਸ਼ੇ ਵਿੱਚੋਂ ਹਰੇਕ ਸਮੈਸਟਰ ਵਿੱਚ ਅਲੱਗ-ਅਲੱਗ ਤੌਰ 'ਤੇ ਪਾਸ ਹੋਣਾ ਜ਼ਰੂਰੀ ਹੋਵੇਗਾ। ਪਰੀਖਿਆਰਥੀ ਨੂੰ ਕੁੱਲ ਅੰਕਾਂ ਦੇ ਜੋੜ ਵਿੱਚੋਂ 33% ਅੰਕ ਪ੍ਰਾਪਤ ਕਰਨੇ ਜਰੂਰੀ ਹਨ।
- ਦਸਵੀਂ ਸ਼੍ਰੇਣੀ ਲਈ ਵੱਧ ਤੋਂ ਵੱਧ ਦੋ ਵਿਸ਼ਿਆਂ ਵਿੱਚ ਫੇਲ੍ਹ ਵਿਦਿਆਰਥੀ ਨੂੰ ਰੀ-ਅਪੀਅਰ ਦਿੱਤੀ ਜਾਵੇਗੀ। ਦਸਵੀਂ ਸ਼੍ਰੇਣੀ ਵਿੱਚ ਰੀ-ਅਪੀਅਰ ਵਾਲੇ ਪਰੀਖਿਆਰਥੀਆਂ ਦੀ ਪਰੀਖਿਆ ਹਰ ਇੱਕ ਸਮੈਸਟਰ ਦੀ ਪਰੀਖਿਆ ਦੇ ਨਾਲ ਹੀ ਲਈ ਜਾਵੇਗੀ। ਵਿਦਿਆਰਥੀਆਂ ਨੂੰ ਰੀ-ਅਪੀਅਰ ਦੇ ਵਿਸ਼ਿਆਂ ਨੂੰ ਪਾਸ ਕਰਨ ਲਈ ਅਗਲੇ ਆਉਣ ਵਾਲੇ ਸਮੈਸਟਰਾਂ ਵਿਚ ਦੋ ਮੌਕੇ ਦਿੱਤੇ ਜਾਣਗੇ।

- ਪਹਿਲੇ ਸਮੈਸਟਰ ਵਿੱਚ ਅਸਫਲ ਹੋਣ ਜਾਂ ਰੀ-ਅਪੀਅਰ ਆਉਣ ਤੇ ਉਮੀਦਵਾਰ ਦੂਸਰੇ ਸਮੈਸਟਰ ਦੀ ਪਰੀਖਿਆ ਦੇ ਨਾਲ-ਨਾਲ ਪਹਿਲੇ ਸਮੈਸਟਰ ਦੀ ਕ੍ਰਮਵਾਰ ਪੂਰੇ ਵਿਸ਼ਿਆਂ ਜਾਂ ਰੀ-ਅਪੀਅਰ ਵਿਸ਼ੇ ਦੀ ਪਰੀਖਿਆ ਵੀ ਦੇਵਗਾ। ਇਹ ਹੀ ਸ਼ਰਤ ਦੂਸਰੇ ਸਮੈਸਟਰ ਦੇ ਪਰੀਖਿਆਰਥੀਆਂ 'ਤੇ ਵੀ ਲਾਗੂ ਹੋਵੇਗੀ, ਜੇਕਰ ਉਮੀਦਵਾਰ ਪਹਿਲੇ ਸਮੈਸਟਰ ਅਤੇ ਦੂਸਰੇ ਸਮੈਸਟਰ ਵਿੱਚੋਂ ਫ਼ੇਲ੍ਹ ਹੋ ਜਾਂਦਾ ਹੈ ਤਾਂ ਉਸ ਦਾ ਨਤੀਜਾ ਫ਼ੇਲ੍ਹ ਘੋਸ਼ਿਤ ਕੀਤਾ ਜਾਵੇਗਾ। ਪਹਿਲੇ ਸਮੈਸਟਰ ਵਿੱਚ ਅਸਫ਼ਲ ਹੋਣ ਜਾਂ ਰੀ-ਅਪੀਅਰ ਆਉਣ 'ਤੇ ਰੈਗੂਲਰ ਵਿਦਿਆਰਥੀ ਦੂਜੇ ਸਮੈਸਟਰ ਦੇ ਨਾਲ ਪਹਿਲੇ ਸਮੈਸਟਰ ਦੀ ਪਰੀਖਿਆ ਵੀ ਰੈਗੂਲਰ ਵਿਦਿਆਰਥੀ ਦੇ ਤੌਰ 'ਤੇ ਦੇਣਗੇ।
- ਰੀ-ਅਪੀਅਰ ਪਰੀਖਿਆਰਥੀ ਜੇਕਰ ਪਹਿਲਾ ਦਿੱਤੀ ਪ੍ਰਯੋਗੀ ਪਰੀਖਿਆ ਵਿੱਚ ਪਾਸ ਹੈ, ਦੇ ਅੰਕ ਪ੍ਰਯੋਗੀ ਪਰੀਖਿਆ ਲਈ ਪਹਿਲਾਂ ਵਾਲ਼ੇ ਹੀ ਰੱਖੇ ਜਾਣੇ ਹਨ । ਅਜਿਹੇ ਪਰੀਖਿਆਰਥੀ ਜੇਕਰ ਮੁੜ ਪ੍ਰਯੋਗੀ ਪਰੀਖਿਆ ਦੇਣੀ ਚਾਹੁੰਦੇ ਹਨ ਤਾਂ ਉਹ ਆਪਣੇ ਦਾਖ਼ਲਾ ਫਾਰਮ ਵਿੱਚ ਸਪਸ਼ਟ ਤੌਰ 'ਤੇ ਲਖਣਗੇ।
- ਜਿਹੜਾ ਪਰੀਖਿਆਰਥੀ ਦਸਵੀਂ ਦੇ ਪਹਿਲੇ ਸਮੈਸਟਰ ਵਿੱਚ ਫ਼ੇਲ੍ਹ ਹੁੰਦਾ ਹੈ, ਪਰ ਉਸੇ ਸ਼੍ਰੇਣੀ ਦੇ ਦੂਸਰੇ ਸਮੈਸਟਰ ਵਿੱਚ ਪਾਸ ਹੋ ਜਾਂਦਾ ਹੈ ਤਾਂ ਅਜਿਹੇ ਪਰੀਖਿਆਰਥੀ ਨੂੰ ਅਗਲੀ ਸ਼੍ਰੇਣੀ ਵਿੱਚ ਆਰਜ਼ੀ ਤੌਰ 'ਤੇ (Provisional) ਦਾਖ਼ਲਾ ਦਿੱਤਾ ਜਾਵੇਗਾ ਅਤੇ ਪਹਿਲੇ ਸਮੈਸਟਰ ਵਿੱਚੋਂ ਫ਼ੇਲ੍ਹ ਪਰੀਖਿਆਰਥੀਆਂ ਦੀ ਪਰੀਖਿਆ, ਹਰ ਇੱਕ ਸਮੈਸਟਰ ਦੀ ਪਰੀਖਿਆ ਦੇ ਨਾਲ ਲਈ ਜਾਵੇਗੀ ਅਤੇ ਜੇਕਰ ਇਹ ਪਰੀਖਿਆਰਥੀ ਨਿਰਧਾਰਿਤ ਦੋ ਮੌਕਿਆਂ ਵਿੱਚ ਦਿੱਤੀ ਪਰੀਖਿਆ ਵਿੱਚੋਂ ਫ਼ੇਲ੍ਹ ਹੁੰਦਾ ਹੈ ਤਾਂ ਉਸ ਦਾ ਅਗਲੀ ਸ਼੍ਰੇਣੀ ਵਾਲਾ ਦਾਖ਼ਲਾ ਰੱਦ ਕੀਤਾ ਜਾਵੇਗਾ। ਇਸੇ ਤਰ੍ਹਾਂ ਦੂਸਰੇ ਸਮੈਸਟਰ ਵਿੱਚ ਫ਼ੇਲ੍ਹ ਹੋਏ ਪਰੀਖਿਆਰਥੀਆਂ ਤੇ ਵੀ ਇਹੀ ਸਕੀਮ ਲਾਗੂ ਹੋਵੇਗੀ।

- ਹਰ ਇੱਕ ਪਰੀਖਿਆਰਥੀ ਦੇ ਸਕੂਲ ਪੱਧਰ 'ਤੇ ਲਈ ਪਰੀਖਿਆ ਦੇ ਹਰ ਇੱਕ ਵਿਸ਼ੇ ਵਿੱਚ ਪ੍ਰਾਪਤ ਗਰੇਡ ਹੀ ਨਤੀਜਾ ਕਾਰਡ ਤੇ ਦਰਸਾਏ ਜਾਣਗੇ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 10ਵੀਂ ਸ਼੍ਰੇਣੀ ਦੀ ਪਰੀਖਿਆ ਦੇ ਹਰ ਇੱਕ ਪਰੀਖਿਆਰਥੀ ਦੇ ਨਤੀਜਾ ਕਾਰਡ ਤੇ ਹਰ ਇੱਕ ਵਿਸ਼ੇ ਵਿੱਚੋਂ ਪ੍ਰਾਪਤ ਅੰਕਾਂ ਸਮੇਤ ਕੁੱਲ ਅੰਕਾਂ ਦੇ ਨਾਲ ਉੱਪਰ ਦਰਸਾਏ ਅਨੁਸਾਰ ਗ੍ਰੇਡ ਵੀ ਦਰਸਾਏ ਜਾਣਗੇ। ਇਹ ਗਰੇਡਿੰਗ ਪਰੀਖਿਆਰਥੀ ਦੇ ਲਿਖਤੀ ਪੇਪਰ ਵਿੱਚੋਂ ਪ੍ਰਾਪਤ ਅੰਕ, ਪ੍ਰਯੋਗੀ ਪਰੀਖਿਆ (ਜਿਸ ਵਿਸ਼ੇ ਵਿੱਚ ਹੋਵੇ) ਵਿੱਚੋਂ ਪ੍ਰਾਪਤ ਅੰਕ ਅਤੇ ਇਨਟਰਨਲ ਅਸੈਸਮੈਂਟ ਵਿੱਚੋਂ ਪ੍ਰਾਪਤ ਅੰਕਾਂ ਨੂੰ ਜੋੜ ਕੇ ਦਿੱਤੀ ਜਾਵੇਗੀ।
- ਓਪਨ ਸਕੂਲ ਪਰੀਖਿਆਰਥੀਆਂ ਲਈ ਸੀ.ਸੀ.ਈ./ਇੰਟਰਨਲ ਅਸੈਸਮੈਂਟ ਦੇ ਅੰਕ ਵੱਖਰੇ ਤੌਰ 'ਤੇ ਨਹੀਂ ਦਰਸਾਏ ਜਾਣਗੇ। ਵਿਦਿਆਰਥੀ ਵੱਲੋਂ ਪ੍ਰਾਪਤ ਅੰਕਾਂ ਨੂੰ ਆਂਤਰਿਕ ਮੁਲਾਂਕਣ/ਸੀ.ਸੀ.ਈ. ਲਈ ਨਿਰਧਾਰਿਤ ਅੰਕਾਂ ਦੇ ਅਨੁਪਾਤ ਵਿੱਚ ਵਧਾ ਕੇ ਦਰਸਾਇਆ ਜਾਵੇਗਾ।
- ਜੋ ਉਮੀਦਵਾਰ ਕਿਸੇ ਵੀ ਸਮੈਸਟਰ ਦੇ ਪੂਰੇ ਵਿਸ਼ਿਆਂ ਵਿੱਚ ਅਪੀਅਰ ਹੁੰਦਾ ਹੈ, ਉਹਨਾਂ ਦੇ ਕੁੱਲ ਜੋੜ ਨੰਬਰਾਂ ਦਾ ਇੱਕ ਪ੍ਰਤੀਸ਼ਤ ਦੇ ਹਿਸਾਬ ਨਾਲ਼ 7 ਅੰਕਾਂ ਦੀ ਗਰੇਸ ਫ਼ੇਲ੍ਹ ਤੋਂ ਰੀ-ਅਪੀਅਰ ਬਣਾਉਣ ਲਈ, ਪਰੀਖਿਆ ਪਾਸ ਕਰਨ ਲਈ ਦਿੱਤੀ ਜਾਵੇਗੀ। ਗਰੇਸ ਅੰਕ ਦੇਣ ਸਮੇਂ ਹੇਠ ਲਿਖੇ ਅਨੁਸਾਰ ਵਿਸ਼ਿਆ ਨੂੰ ਤਰਜੀਹ ਦਿੱਤੀ ਜਾਵੇਗੀ। ਪੰਜਾਬੀ , ਪੰਜਾਬ ਦਾ ਇਤਿਹਾਸ ਅਤੇ ਸੱਭਿਆਚਾਰ, ਵਿਗਿਆਨ, ਗਣਿਤ, ਅੰਗਰੇਜ਼ੀ, ਹਿੰਦੀ ਅਤੇ ਸਮਾਜਿਕ ਸਿੱਖਿਆ।
- 45%, 50% ਅਤੇ 60% ਅੰਕ ਬਣਾਉਣ ਲਈ ਵੀ 1% ਅੰਕਾਂ ਤੱਕ ਗਰੇਸ ਦਿੱਤੀ ਜਾ ਸਕਦੀ ਹੈ ਬਸ਼ਰਤੇ ਕਿ ਪਰੀਖਿਆਰਥੀ ਨੇ ਪਹਿਲਾਂ ਪਾਸ ਹੋਣ ਲਈ ਕੋਈ ਗਰੇਸ ਨਾ ਲਈ ਹੋਵੇ।
- ਪੰਜਾਬੀ ਭਾਸ਼ਾ ਦੀ ਵਾਧੂ ਵਿਸ਼ੇ ਦੀ ਪਰੀਖਿਆ ਸਾਲਾਨਾ ਪਰੀਖਿਆ ਪ੍ਰਨਾਲੀ ਦੇ ਆਧਾਰ 'ਤੇ ਸਾਲ ਵਿੱਚ ਚਾਰ ਵਾਰੀ ਲਈ ਜਾਣੀ ਹੈ ਅਤੇ ਬਾਕੀ ਵਿਸ਼ਿਆਂ ਦੀ ਵਾਧੂ ਵਿਸ਼ੇ ਅਤੇ ਕਾਰਜਗੁਜਾਰੀ ਵਧਾਉਣ ਲਈ ਸਮੈਸਟਰ I ਅਤੇ ਸਮੈਸਟਰ II ਪਰੀਖਿਆ ਦੇ ਸਿਲੇਬਸ ਦੇ ਅਨੁਸਾਰ ਇਕੋ ਹੀ ਸਮੈਸਟਰ ਦੌਰਾਨ ਦੋਵੇਂ ਸਮੈਸਟਰ ਦੀ ਲਈ ਜਾਣ ਵਾਲ਼ੀ ਪਰੀਖਿਆ ਸਵੇਰੇ ਤੇ ਸ਼ਾਮ ਦੇ ਸੈਸ਼ਨਾਂ ਵਿੱਚ ਲਈ ਜਾਵੇਗੀ।

- ਵਿੱਦਿਅਕ ਸੈਸ਼ਨ 2011 ਤੋਂ ਕੋਈ ਵੀ ਪਰੀਖਿਆਰਥੀ ਪ੍ਰਾਈਵੇਟ ਤੌਰ ’ਤੇ ਪਰੀਖਿਆ ਵਿੱਚ ਨਹੀਂ ਬੈਠੇਗਾ ਬਲਕਿ ਉਹ ਕੇਵਲ ਰੈਗੂਲਰ ਜਾਂ ਓਪਨ ਸਕੂਲ ਪ੍ਰਣਾਲੀ ਰਾਹੀਂ ਹੀ ਪਰੀਖਿਆ ਦੇਣ ਦੇ ਯੋਗ ਹੋਵੇਗਾ।
- ਮੈਟ੍ਰਿਕ ਅਤੇ ਸੀਨੀਅਰ ਸੈਕੰਡਰੀ ਪਰੀਖਿਆ ਵਿੱਦਿਅਕ ਸੈਸ਼ਨ 2011-12 ਵਿੱਚ ਅਪੀਅਰ ਹੋਣ ਵਾਲ਼ੇ ਪਰੀਖਿਆਰਥੀਆਂ ਲਈ ਗਰੇਡਿੰਗ ਵਾਲ਼ੇ ਵਿਸ਼ਿਆਂ ਦੀ ਅੰਦਰੂਨੀ ਪਰੀਖਿਆ ਕੇਵਲ ਸਕੂਲ ਪੱਧਰ ’ਤੇ ਹੀ ਲਈ ਜਾਵੇਗੀ।

ਕਿਸੇ ਵੀ ਵਿਵਾਦ ਦੀ ਸੂਰਤ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ, ਕਲੰਡਰ (ਭਾਗ ਦੂਜਾ) ਵਿੱਚ ਦਰਜ ਮੈਟ੍ਰਿਕ ਪਰੀਖਿਆ, ਵਿਨਿਯਮਾਂ 1988 ਅਨੁਸਾਰ ਕਾਰਵਾਈ ਕੀਤੀ ਜਾਵੇਗੀ।

## (ੲ) ਮੈਟ੍ਰਿਕ ਪੱਧਰ ’ਤੇ ਨਿਰੰਤਰ ਸਰਵਪੱਖੀ ਮੁਲਾਂਕਣ (ਸੀ.ਸੀ.ਈ.) ਇੰਟਰਨਲ ਅਸੈਸਮੈਂਟ (ਆਈ. ਏ.) ਲਾਗੂ ਕਰਨ ਬਾਰੇ ਫ਼ੈਸਲੇ

- ਦਸਵੀਂ ਸ਼੍ਰੇਣੀ ਵਿੱਚ 30% ਸੀ. ਸੀ. ਈ. (ਇੰਟਰਨਲ ਅਸੈਸਮੈਂਟ) ਹੋਵੇਗੀ ਜੋ ਗੁਣਾਤਮਿਕ ਢੰਗ ਨਾਲ਼ ਦਿੱਤੀ ਜਾਵੇਗੀ।
- ਸੀ.ਸੀ.ਈ./ ਇੰਟਰਨਲ ਅਸੈਸਮੈਂਟ (I.A) ਸਿਰਫ ਲਿਖਤੀ ਪਰੀਖਿਆ ਵਿੱਚ ਦਿੱਤੀ ਜਾਵੇਗੀ ਅਤੇ ਪ੍ਰਯੋਗੀ ਪਰੀਖਿਆ ਵਿੱਚ ਸੀ.ਸੀ.ਈ. / ਇੰਟਰਨਲ ਅਸੈਸਮੈਂਟ (I.A) ਨਹੀਂ ਦਿੱਤੀ ਜਾਵੇਗੀ ਪਰੰਤੂ ਲਿਖਤੀ ਅਤੇ ਪ੍ਰਯੋਗੀ ਪਰੀਖਿਆ ਵਿੱਚੋਂ ਵੱਖਰੇ-ਵੱਖਰੇ ਤੌਰ ’ਤੇ ਪਾਸ ਹੋਣ ਤੇ ਹੀ ਸੀ.ਸੀ.ਈ. ਕੁੱਲ ਅੰਕਾਂ ਵਿੱਚ ਜੋੜੀ ਜਾਵੇਗੀ। ਸੀ.ਸੀ.ਈ. ਵਿੱਚ ਵੱਖਰੇ ਤੌਰ ਤੇ ਪਾਸ ਹੋਣਾ ਜ਼ਰੂਰੀ ਨਹੀਂ ਹੈ।

- ਸੀ.ਸੀ.ਈ. ਦੇ ਮੁਲਾਂਕਣ ਲਈ ਸਕੂਲ ਪੱਧਰ 'ਤੇ ਇੱਕ ਕਮੇਟੀ ਗਠਿਤ ਕੀਤੀ ਜਾਵੇਗੀ ਜਿਸ ਦਾ ਇੰਚਾਰਜ ਸਕੂਲ ਮੁੱਖੀ ਹੋਵੇਗਾ। ਸ਼੍ਰੇਣੀ ਇੰਚਾਰਜ ਅਤੇ ਵਿਸ਼ਾ ਅਧਿਆਪਕ ਉਸ ਦੇ ਮੈਂਬਰ ਹੋਣਗੇ। ਵਿਦਿਆਰਥੀਆਂ ਨੂੰ ਸੀ. ਸੀ. ਈ. ਸੰਬੰਧੀ ਅੰਕ ਦੇਣ ਦੀ ਨਿਰੋਲ ਜ਼ਿੰਮੇਵਾਰੀ ਉਪਰੋਕਤ ਕਮੇਟੀ ਦੀ ਹੋਵੇਗੀ।
- ਸੀ.ਸੀ.ਈ. ਸੰਬੰਧੀ ਵਿਦਿਆਰਥੀਆਂ ਨੂੰ ਦਿੱਤੇ ਅੰਕਾਂ ਦਾ ਰਿਕਾਰਡ ਸਕੂਲ ਵੱਲੋਂ ਹਰੇਕ ਸਮੈਸਟਰ ਖਤਮ ਹੋਣ ਤੋਂ ਇੱਕ ਸਾਲ ਤੱਕ ਸੁੱਰਖਿਅਤ ਰੱਖਿਆ ਜਾਵੇਗਾ। ਬੋਰਡ/ਸਿੱਖਿਆ ਵਿਭਾਗ ਵੱਲੋਂ ਕਿਸੇ ਸਮੇਂ ਵੀ ਇਸ ਦਾ ਨਿਰੀਖਣ ਕੀਤਾ ਜਾਵੇਗਾ।
- ਓਪਨ ਸਕੂਲ ਪਰੀਖਿਆਰਥੀਆਂ ਲਈ ਸੀ.ਸੀ.ਈ. /ਇੰਟਰਨਲ ਅਸੈਸਮੈਂਟ ਦੇ ਅੰਕ ਵੱਖਰੇ ਤੌਰ ਤੇ ਨਹੀਂ ਦਰਸਾਏ ਜਾਣਗੇ। ਵਿਦਿਆਰਥੀ ਵੱਲੋਂ ਪ੍ਰਾਪਤ ਅੰਕਾਂ ਨੂੰ ਆਂਤਰਿਕ ਮੁਲਾਂਕਣ/ਸੀ.ਸੀ.ਈ. ਲਈ ਨਿਰਧਾਰਿਤ ਅੰਕਾਂ ਦੇ ਅਨੁਪਾਤ ਵਿੱਚ ਵਧਾ ਕੇ ਦਰਸਾਇਆ ਜਾਵੇਗਾ।

## ਨਿਰੰਤਰ ਸਰਵਪੱਖੀ ਮੁਲਾਂਕਣ (ਸੀ.ਸੀ.ਈ.) ਦਾ ਮੌਡਿਊਲ

ਪੰਜਾਬ ਸਰਕਾਰ ਵੱਲੋਂ ਜਾਰੀ ਹਿਦਾਇਤਾਂ ਦੀ ਲੋਅ ਵਿੱਚ ਅਕਾਦਮਿਕ ਸਾਲ 2010-11 ਤੋਂ ਰਾਜ ਦੇ ਸਮੂਹ ਸਕੂਲਾਂ ਵਿੱਚ ਸਮੈਸਟਰ ਪ੍ਰਣਾਲੀ ਲਾਗੂ ਕੀਤੀ ਗਈ ਹੈ ਜਿਸ ਅਧੀਨ 30% ਅੰਕ ਨਿਰੰਤਰ ਸਰਵਪੱਖੀ ਮੁਲਾਂਕਣ (Continuous Comprehensive Evaluation) (ਸੀ.ਸੀ.ਈ.) ਲਈ ਨਿਰਧਾਰਿਤ ਕੀਤੇ ਗਏ ਹਨ।

ਸੀ.ਸੀ.ਈ. ਦੇ 30 ਅੰਕਾਂ ਨੂੰ ਆਧਾਰ ਮੰਨਦੇ ਹੋਏ ਦਸਵੀਂ ਸ਼੍ਰੇਣੀ ਲਈ ਸਮੈਸਟਰਵਾਰ ਅਤੇ ਵਿਸ਼ਾਵਾਰ ਹੇਠ ਦਰਸਾਏ ਅਨੁਸਾਰ ਇੱਕ ਸਾਂਝਾ ਮੌਡਿਊਲ ਤਿਆਰ ਕੀਤਾ ਗਿਆ ਹੈ ਪਰੰਤੂ ਵੱਖ-ਵੱਖ ਵਿਸ਼ਿਆਂ ਲਈ ਸੀ.ਸੀ.ਈ.

ਲਈ ਵੱਖ-ਵੱਖ ਅੰਕ ਨਿਰਧਾਰਿਤ ਹੋਣ ਕਾਰਨ ਅਧਿਆਪਕਾਂ ਵੱਲੋਂ ਆਪਣੇ ਵਿਸ਼ੇ ਦੇ ਅੰਕਾਂ ਅਨੁਸਾਰ ਸੀ.ਸੀ.ਈ. ਦੇ ਅੰਕ Proportionately Compute ਕੀਤੇ ਜਾਣਗੇ।

## ਸਮੈਸਟਰਵਾਰ ਅੰਕ-ਵੰਡ

ਸੀ.ਸੀ.ਈ. ਸਕੀਮ ਨੂੰ ਵਧੇਰੇ ਪਾਰਦਰਸ਼ੀ ਬਣਾਉਣ ਲਈ ਅਤੇ ਵਿੱਦਿਅਕ ਗਤੀਵਿਧੀਆਂ 'ਤੇ ਆਧਾਰਿਤ ਕਰਨ ਹਿੱਤ ਸੀ. ਸੀ. ਈ. ਦੇ 30 % ਅੰਕਾਂ ਦੀ ਵਿਸ਼ਾਵਾਰ ਵੰਡ ਹੇਠ ਲਿਖੇ ਅਨੁਸਾਰ ਤਜਵੀਜ ਕੀਤੀ ਜਾਂਦੀ ਹੈ।

| | | |
|---|---|---|
| 1. | ਅਕਾਦਮਿਕ ਪ੍ਰਾਪਤੀਆਂ | 20 ਅੰਕ |
| 2. | ਹਾਜ਼ਰੀ | 1 ਅੰਕ |
| 3. | ਵਿਦਿਆਰਥੀ ਦਾ ਆਮ ਵਿਵਹਾਰ ਅਤੇ ਅਨੁਸ਼ਾਸਨ | 1 ਅੰਕ |
| 4. | ਅਸਾਈਨਮੈਂਟ/ਪ੍ਰੋਜੈਕਟ ਵਰਕ/ਹੋਮਵਰਕ | 3 ਅੰਕ |
| 5. | ਸਹਿ-ਅਕਾਦਮਿਕ ਕਿਰਿਆਵਾਂ | 5 ਅੰਕ |
| | ਕੁੱਲ ਅੰਕ | 30 ਅੰਕ |

## ਮੁਲਾਂਕਣ ਵਿਧੀ

ਉਪਰੋਕਤ ਸਮੂਹ ਪ੍ਰਾਪਤੀਆਂ ਅਤੇ ਗਤੀਵਿਧੀਆਂ ਦਾ ਮੁਲਾਂਕਣ ਹੇਠ ਲਿਖੇ ਅਨੁਸਾਰ ਕੀਤਾ ਜਾਵੇਗਾ।

## ਅਕਾਦਮਿਕ ਪ੍ਰਾਪਤੀਆਂ 20 ਅੰਕ

i. ਪਹਿਲੇ ਸਮੈਸਟਰ ਵਿੱਚ ਡੀ.ਜੀ.ਐੱਸ.ਈ. ਪੰਜਾਬ ਵੱਲੋਂ ਜਾਰੀ ਵਿੱਦਿਅਕ ਕੈਲੰਡਰ ਵਿੱਚ ਦਰਸਾਈਆਂ ਮਿਤੀਆਂ ਅਨੁਸਾਰ 3 ਮਹੀਨਾਵਾਰ ਟੈਸਟ ਮਈ, ਜੁਲਾਈ ਅਤੇ ਅਗਸਤ ਵਿੱਚ ਲਏ ਜਾਣਗੇ ਅਤੇ ਇੱਕ ਪ੍ਰੀ-ਸਮੈਸਟਰ ਪਰੀਖਿਆ ਅਗਸਤ ਦੇ ਅਖੀਰੀ ਹਫ਼ਤੇ ਵਿੱਚ ਲਈ ਜਾਵੇਗੀ।

ii. 20 ਅੰਕਾਂ ਵਿੱਚੋਂ ਹਰੇਕ ਮਹੀਨਾਵਾਰ ਟੈਸਟ ਨੂੰ 4 ਅੰਕਾਂ ਦੀ ਵੇਟੇਜ਼ (ਕੁੱਲ 12 ਅੰਕ) ਅਤੇ ਪ੍ਰੀ-ਸਮੈਸਟਰ ਪਰੀਖਿਆ ਨੂੰ 8 ਅੰਕਾਂ ਦੀ ਵੇਟੇਜ਼ ਦਿੱਤੀ ਜਾਵੇਗੀ।

| | | |
|---|---|---|
| i. | ਤਿੰਨ ਮਹੀਨਾਵਾਰ ਟੈਸਟ-ਹਰੇਕ ਟੈਸਟ ਦੇ 4 ਅੰਕ | 12 ਅੰਕ |
| ii. | ਪ੍ਰੀ-ਸਮੈਸਟਰ ਪਰੀਖਿਆ | 8 ਅੰਕ |
| | ਕੁੱਲ ਅੰਕ | 20 ਅੰਕ |

**ਦੂਸਰਾ ਸਮੈਸਟਰ** **20 ਅੰਕ**

1. ਦੂਸਰੇ ਸਮੈਸਟਰ ਵਿੱਚ 4 ਮਹੀਨਾਵਾਰ ਟੈਸਟ ਡੀ.ਜੀ.ਐੱਸ.ਈ. ਪੰਜਾਬ ਵੱਲੋਂ ਜਾਰੀ ਵਿਦਿਅਕ ਕੈਲੰਡਰ ਅਨੁਸਾਰ ਅਕਤੂਬਰ, ਨਵੰਬਰ, ਦਸੰਬਰ ਅਤੇ ਜਨਵਰੀ ਮਹੀਨੇ ਵਿੱਚ ਲਏ ਜਾਣਗੇ ਅਤੇ ਪ੍ਰੀ-ਸਮੈਸਟਰ ਪਰੀਖਿਆ ਫ਼ਰਵਰੀ ਦੇ ਦੂਸਰੇ ਹਫ਼ਤੇ ਵਿੱਚ ਲਈ ਜਾਵੇਗੀ।
2. 20 ਅੰਕਾਂ ਵਿੱਚੋਂ ਹਰੇਕ ਮਹੀਨਾਵਾਰ ਟੈਸਟ ਨੂੰ 3 ਅੰਕਾਂ ਦੀ ਵੇਟੇਜ਼ (ਕੁੱਲ 12 ਅੰਕ) ਅਤੇ ਪ੍ਰੀ-ਸਮੈਸਟਰ ਪਰੀਖਿਆ ਨੂੰ 8 ਅੰਕਾਂ ਦੀ ਵੇਟੇਜ਼ ਦਿੱਤੀ ਜਾਵੇਗੀ।

| | | |
|---|---|---|
| i. | ਚਾਰ ਮਹੀਨਾਵਾਰ ਟੈਸਟ-ਹਰੇਕ ਟੈਸਟ ਦੇ 3 ਅੰਕ | 12 ਅੰਕ |
| ii. | ਪ੍ਰੀ-ਸਮੈਸਟਰ ਪਰੀਖਿਆ | 8 ਅੰਕ |
| | ਕੁੱਲ ਅੰਕ | 20 ਅੰਕ |

2. **ਸਕੂਲ ਵਿੱਚ ਹਾਜ਼ਰੀ :** **1 ਅੰਕ (ਪ੍ਰਤੀ ਸਮੈਸਟਰ)**

(ਵਿਦਿਆਰਥੀ ਨੂੰ ਸਕੂਲ ਵਿੱਚ 85% ਜਾਂ ਇਸ ਤੋਂ ਵੱਧ ਹਾਜ਼ਰੀਆਂ ਹੋਣ ਤੇ 1 ਅੰਕ ਦਿੱਤਾ ਜਾਵੇਗਾ)

3. **ਆਮ ਵਿਵਹਾਰ ਅਤੇ ਅਨੁਸ਼ਾਸਨ :** **1 ਅੰਕ (ਪ੍ਰਤੀ ਸਮੈਸਟਰ)**

(ਵਿਦਿਆਰਥੀ ਦਾ ਅਧਿਆਪਕ, ਸਹਿਪਾਠੀਆਂ ਅਤੇ ਸਕੂਲ ਵਾਤਾਵਰਨ ਪ੍ਰਤੀ ਵਿਵਹਾਰ)

4. **ਅਸਾਈਨਮੈਂਟ/ਪ੍ਰੋਜੈਕਟ ਵਰਕ/ਹੋਮ ਵਰਕ :** **3 ਅੰਕ (ਪ੍ਰਤੀ ਸਮੈਸਟਰ)**

(ਅਧਿਆਪਕ ਵਿਦਿਆਰਥੀਆਂ ਕੋਲ਼ੋਂ ਘੱਟੋਂ-ਘੱਟ 3 ਅਸਾਈਨਮੈਂਟ/ਪ੍ਰੋਜੈਕਟ ਪ੍ਰਤੀ ਸਮੈਸਟਰ ਤਿਆਰ ਕਰਵਾਏਗਾ) ਵਿਦਿਆਰਥੀ ਵੱਲੋਂ ਸਮਾਂ ਬੱਧ ਤਰੀਕੇ ਨਾਲ ਹੋਮਵਰਕ ਕਰਨ ਤੇ ਲੋੜੀਂਦੀ ਵੇਟੇਜ਼ ਦਿੱਤੀ ਜਾਵੇ।

5. **ਸਹਿ-ਅਕਾਦਮਿਕ ਪੱਖ :** **5 ਅੰਕ (ਪ੍ਰਤੀ ਸਮੈਸਟਰ)**

(ਖੇਡਾਂ/ਸਾਇੰਸ ਪ੍ਰਦਰਸ਼ਨੀ/ਸਾਇੰਸਡਰਾਮਾ/ਸਾਇੰਸ ਸੈਮੀਨਾਰ/ਐਨ.ਸੀ.ਸੀ./ਐਨ.ਐਸ.ਐਸ./ਗਰਲ ਗਾਈਡ/ ਸਕਾਊਟਿੰਗ/ ਬੋਰਡ ਵੱਲੋਂ ਕਰਵਾਏ ਜਾਂਦੇ ਵਿੱਦਿਅਕ ਮੁਕਾਬਲੇ ਵਾਤਾਵਰਨ ਸੁੱਰਖਿਆ/ਰੁੱਖ ਲਗਾਉਣੇ/ ਰਾਸ਼ਟਰੀ, ਧਾਰਮਿਕ ਅਤੇ ਸਮਾਜਿਕ ਮੇਲੇ ਆਦਿ। ਵਿਦਿਆਰਥੀ ਵੱਲੋਂ ਉਪਰੋਕਤ ਸਹਿ-ਅਕਾਦਮਿਕ ਕ੍ਰਿਆਵਾਂ ਵਿੱਚੋਂ ਘੱਟੋਂ-ਘੱਟ ਇੱਕ ਵਿੱਚ ਭਾਗ ਲੈਣ ਤੇ ਹੇਠ ਲਿਖੇ ਅਨੁਸਾਰ ਅੰਕ ਦਿੱਤੇ ਜਾਣ।

## ਸਹਿ ਅਕਾਦਮਿਕ ਪੱਖਾਂ ਸੰਬੰਧੀ ਅੰਕ ਵੰਡ

| | | |
|---|---|---|
| i. | ਕੌਮੀ/ਰਾਜ ਪੱਧਰ | 5 ਅੰਕ |
| ii. | ਜ਼ਿਲ੍ਹਾ ਪੱਧਰ | 4 ਅੰਕ |
| iii. | ਤਹਿਸੀਲ ਪੱਧਰ | 3 ਅੰਕ |
| iv. | ਸਕੂਲ ਪੱਧਰ | 2 ਅੰਕ |

## ਨੋਟ

ਪ੍ਰੀ-ਸਮੈਸਟਰ ਪਰੀਖਿਆ ਦਾ ਨਤੀਜਾ ਪਰੀਖਿਆ ਖਤਮ ਹੋਣ ਤੋਂ 3 ਦਿਨ ਦੇ ਅੰਦਰ ਵਿਦਿਆਰਥੀਆਂ ਨੂੰ ਦਿੱਤਾ ਜਾਵੇ ਅਤੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਪੇਸ਼ ਆ ਰਹੀਆਂ ਵਿਸ਼ਾਵਾਰ ਅਕਾਦਮਿਕ ਔਕੜਾਂ ਦਾ ਹੱਲ ਕੀਤਾ ਜਾਵੇ।